# ਸਸਕੈੱਚਵਾਨ ਦੀਆਂ 2024 ਦੀਆਂ ਪ੍ਰਾਂਤਿਕ ਚੋਣਾਂ ਵਿੱਚ ਵੋਟ ਪਾਉਣ ਲਈ ਗਾਈਡ




Arabic
Cree
Dene
English
French
German
Hindi
Mandarin
**Punjabi**
Tagalog
Ukrainian
Urdu

Punjabi

Elections SK
SK 2024 VOTES

## ਸਸਕੈੱਚਵਾਨ ਦੀਆਂ ਪ੍ਰਾਂਤਿਕ ਚੋਣਾਂ ਵਿੱਚ ਵੋਟ ਪਾਉਣ ਲਈ ਇਹ ਜ਼ਰੂਰੀ ਹੈ, ਕਿ ਤੁਸੀਂ:



ਕੈਨੇਡਾ ਦੇ ਨਾਗਰਿਕ ਹੋਵੋਂ

**18+**

ਘੱਟੋ-ਘੱਟ 18 ਸਾਲ ਦੀ ਉਮਰ ਦੇ ਹੋਵੋਂ



ਚੋਣਾਂ ਦੀ ਐਲਾਨ ਤੋਂ ਛੇ ਮਹੀਨੇ ਪਹਿਲਾਂ ਤੋਂ ਸਸਕੈੱਚਵਾਨ ਦੇ ਨਿਵਾਸੀ ਹੋਵੋਂ।

## ਵੋਟ ਪਾਉਣ ਲਈ ਲਈ ਰਜਿਸਟਰ ਕਰੋ

ਜੇ ਤੁਸੀਂ ਪਹਿਲਾਂ ਰਜਿਸਟਰ ਨਹੀਂ ਹੋ, ਤੁਹਾਨੂੰ ਵੋਟ ਪਾਉਣ ਤੋਂ ਪਹਿਲਾਂ ਰਜਿਸਟਰ ਕਰਨਾ ਲਾਜ਼ਮੀ ਹੈ, ਅਗੇਤੇ ਜਾਂ ਵੋਟ ਪਾਉਣ ਵਾਲੇ ਸਥਾਨ ਵਿਖੇ।




**ਵਿਕਲਪ 1**

ਵੋਟ ਪਾਉਣ ਤੋਂ ਪਹਿਲਾਂ, elections.sk.ca/register ਵਿਖੇ ਆਨਲਾਈਨ ਰਜਿਸਟਰ ਕਰੋ।



**ਵਿਕਲਪ 2**

ਜਦੋਂ ਤੁਸੀਂ ਵੋਟ ਪਾਉਣ ਲਈ ਜਾਵੋਂ, ਵਿਅਕਤੀਗਤ ਤੌਰ ’ਤੇ ਰਜਿਸਟਰ ਕਰੋ। ਤੁਹਾਨੂੰ ਆਪਣਾ ਸ਼ਨਾਖ਼ਤੀ ਪੱਤਰ (ID) ਲਾਜ਼ਮੀ ਦਿਖਾਉਣਾ ਹੋਵੇਗਾ।

## ਵੋਟਰ ਸੂਚਨਾ ਕਾਰਡ

ਜਿਹੜੇ ਵੋਟਰ ਪਹਿਲਾਂ ਹੀ ਰਜਿਸਟਰ ਹੋਏ ਹਨ ਉਹਨਾਂ ਨੂੰ ਵੋਟਾਂ ਪੈਣੀਆਂ ਸ਼ੁਰੂ ਹੋਣ ਤੋਂ ਪਹਿਲਾਂ ਡਾਕ ਰਾਹੀਂ ਵੋਟਰ ਸੂਚਨਾ ਕਾਰਡ ਮਿਲੇਗਾ। ਇਸ ਕਾਰਡ ਉੱਪਰ ਤੁਹਾਡੀਆਂ ਵੋਟਾਂ ਪਾਉਣ ਦੀਆਂ ਥਾਵਾਂ, ਮਿਤੀਆਂ ਅਤੇ ਸਮੇਂ ਦਰਜ ਹੋਣਗੇ।




# ਸ਼ਨਾਖ਼ਤੀ ਪੱਤਰ (ਆਈ ਡੀ)

ਵੋਟ ਸਥਾਨ ਵਿਖੇ ਤੁਹਾਨੂੰ ਵੋਟ ਪਰਚੀ ਦਿੱਤੇ ਜਾਣ ਤੋਂ ਪਹਿਲਾਂ ਤੁਹਾਨੂੰ ਚੋਣ ਕਰਮਚਾਰੀ ਨੂੰ ਇੱਕ ਸ਼ਨਾਖ਼ਤੀ ਪੱਤਰ (ਆਈ ਡੀ) ਦਿਖਾਉਣਾ ਹੋਵੇਗਾ ਜੋ ਤੁਹਾਡੇ ਨਾਂ ਅਤੇ ਪਤੇ ਦੀ ਪੁਸ਼ਟੀ ਕਰਦਾ ਹੋਵੇ। ਤੁਹਾਡੇ ਕੋਲ ਇਸ ਦੇ ਤਿੰਨ ਵਿਕਲਪ ਹਨ।

## ਵਿਕਲਪ 1

**ਡਰਾਈਵਰ ਲਾਇਸੈਂਸ ਜਾਂ ਗ਼ੈਰ-ਡਰਾਈਵਰ ਫ਼ੋਟੋ ਆਈ ਡੀ**

ਇਹਨਾਂ ਕਾਰਡਾਂ ਉੱਪਰ ਤੁਹਾਡਾਂ ਨਾਂ ਅਤੇ ਪਤਾ ਹੁੰਦਾ ਹੈ। ਤੁਹਾਨੂੰ ਇਹਨਾਂ ਵਿੱਚੋਂ ਕਿਸੇ ਇੱਕ ਦੀ ਜ਼ਰੂਰਤ ਹੈ।




## ਵਿਕਲਪ 2

**ਦੋ ਸ਼ਨਾਖ਼ਤੀ ਪੱਤਰ**


ਦੋਵਾਂ ਉੱਪਰ ਤੁਹਾਡਾ ਨਾਂ ਹੋਣਾ ਲਾਜ਼ਮੀ ਹੈ। ਘੱਟੋ ਘੱਟ ਇੱਕ ਉੱਪਰ ਤੁਹਾਡਾ ਪਤਾ ਹੋਣਾ ਲਾਜ਼ਮੀ ਹੈ। ਆਮ ਸ਼ਨਾਖ਼ਤੀ ਪੱਤਰਾਂ ਵਿੱਚ ਹੈਲਥ ਕਾਰਡ, ਫ਼ੋਟੋ ਆਈ ਡੀ ਕਾਰਡ, ਸਟੂਡੈਂਟ ਕਾਰਡ, ਯੁਟਿਲਿਟੀ (ਬਿਜਲੀ, ਪਾਣੀ ਆਦਿ) ਬਿੱਲ, ਜਾਂ ਬੈਂਕ ਸਟੇਟਮੈਂਟ ਸ਼ਾਮਲ ਹਨ। ਆਈ ਡੀ ਦੇ 50 ਤੋਂ ਵੀ ਵੱਧ ਵਿਕਲਪ ਹਨ। ਮੁਕੰਮਲ ਸੂਚੀ ਆਨਲਾਈਨ www.elections.sk.ca/id ਵਿਖੇ ਉਪਲਬਧ ਹੈ।




## ਵਿਕਲਪ 3

**ਸ਼ਨਾਖ਼ਤ ਪੱਤਰ ਨਹੀਂ ਹੈ**

ਅਜਿਹਾ ਕੋਈ ਯੋਗ ਵੋਟਰ ਜੋ ਤੁਹਾਨੂੰ ਜਾਣਦਾ ਹੋਵੇ ਅਤੇ ਤੁਹਾਡੇ ਹਲਕੇ ਵਿੱਚ ਰਹਿੰਦਾ ਹੋਵੇ, ਉਹ ਵੋਟ ਸਥਾਨ ਵਿਖੇ ਤੁਹਾਡੀ ਸ਼ਨਾਖ਼ਤ ਦੀ ਪੁਸ਼ਟੀ ਕਰ ਸਕਦਾ ਹੈ। ਇੱਕ ਵੋਟਰ ਕੇਵਲ ਇੱਕ ਹੋਰ ਵਿਅਕਤੀ ਦੀ ਪੁਸ਼ਟੀ ਕਰ ਸਕਦਾ ਹੈ।



# ਵੋਟ ਪਾਉਣ ਦੇ ਤਰੀਕੇ।

ਵੋਟ ਪਾਉਣ ਦੇ ਹੋਰ ਵਧੇਰੇ ਤਰੀਕੇ! ਤੁਸੀਂ ਕੇਵਲ ਇੱਕ ਵਾਰੀ ਵੋਟ ਪਾ ਸਕੋਗੇ, ਪ੍ਰੰਤੂ ਵੋਟ ਕਦੋਂ ਅਤੇ ਕਿੱਥੇ ਪਾਉਣੀ ਹੈ, ਇਸ ਦੇ ਲਈ ਤੁਹਾਡੇ ਕੋਲ ਹੋਰ ਵਧੇਰੇ ਵਿਕਲਪ ਹਨ।

## ਵਿਕਲਪ 1

### ਵੋਟ ਪਾਉਣ ਦਾ ਹਫ਼ਤਾ

ਸਥਾਨ, ਦਿਨ, ਅਤੇ ਸਮੇਂ ਤੁਹਾਡੇ ਵੋਟਰ ਸੂਚਨਾ ਕਾਰਡ ਉੱਪਰ ਦਿੱਤੇ ਹੁੰਦੇ ਹਨ, ਜਾਂ www.elections.sk.ca ਉੱਪਰ ਜਾਓ। ਸਰੀਰਕ ਤੌਰ ’ਤੇ ਅਸਮਰੱਥ ਵੋਟਰਾਂ ਲਈ ਨਿਰਧਾਰਤ ਪਾਰਕਿੰਗ ਥਾਵਾਂ ਉਪਲਬਧ ਹੋਣਗੀਆਂ। ਆਪਣਾ ਸ਼ਨਾਖ਼ਤੀ ਪੱਤਰ (ਆਈ ਡੀ) ਨਾਲ ਲਿਆਓ।




## ਵਿਕਲਪ 2

### ਡਾਕ ਰਾਹੀਂ ਵੋਟ ਪਾਉਣੀ

ਕੋਈ ਵੀ ਯੋਗ ਵੋਟਰ ਸੁਵਿਧਾਜਨਕ ਵਿਕਲਪ ਦੇ ਰੂਪ ਵਿੱਚ ਵੋਟਾਂ ਪਾਉਣ ਦੇ ਹਫ਼ਤੇ ਤੋਂ ਪਹਿਲਾਂ ਡਾਕ ਰਾਹੀਂ ਆਪਣੀ ਵੋਟ ਪਾ ਸਕਦਾ ਹੈ। ਜੂਨ 2024 ਤੋਂ www.elections.sk.ca/votebymail ਉੱਪਰ ਅਰਜ਼ੀ ਦਿਓ। ਜਦੋਂ ਤੁਹਾਡੀ ਅਰਜ਼ੀ ਮਨਜ਼ੂਰ ਹੋ ਜਾਵੇਗੀ, ਚੋਣਾਂ ਸ਼ੁਰੂ ਹੋਣ ਤੋਂ ਪਿੱਛੋਂ ਇੱਕ ਬੈੱਲਟ (ਵੋਟਰ ਪਰਚੀ) ਕਿਟ ਡਾਕ ਰਾਹੀਂ ਤੁਹਾਡੇ ਨਿਵਾਸ ਅਸਥਾਨ ਵਿਖੇ ਭੇਜੀ ਜਾਵੇਗੀ। ਧਿਆਨ ਪੂਰਬਕ ਨਿਰਦੇਸ਼ਾਂ ਦੀ ਪਾਲਣਾ ਕਰੋ। ਬੈੱਲਟ ਕਿਟ ਮੁਕੰਮਲ ਕਰ ਕੇ ਉਸ ਨੂੰ ਵੋਟਾਂ ਪਾਉਣ ਦੇ ਆਖਰੀ ਦਿਨ ਤੋਂ ਪਹਿਲਾਂ ਇਲੈਕਸ਼ਨਜ਼ ਸਸਕੈੱਚਵਾਨ (Elections Saskatchewan) ਨੂੰ ਡਾਕ ਰਾਹੀਂ ਵਾਪਸ ਭੇਜ ਦਿਓ।



## ਵਿਕਲਪ 3

### ਹੋਮਬਾਊਂਡ (ਘਰ ਤੋਂ ਬਾਹਰ ਜਾਣ ਵਿੱਚ ਅਸਮਰੱਥ) ਲਈ ਵੋਟ ਪਾਉਣਾ

ਜੇਕਰ ਤੁਸੀਂ ਕਿਸੇ ਅਪੰਗਤਾ ਕਾਰਨ ਘਰ ਤੋਂ ਬਾਹਰ ਜਾਣ ਵਿੱਚ ਅਸਮਰੱਥ ਹੋਵੋਂ, ਤੁਸੀਂ ਕਿਸੇ ਚੋਣ ਕਰਮਚਾਰੀ ਦਾ ਆਪਣੇ ਘਰ ਆਉਣ ਦਾ ਪ੍ਰਬੰਧ ਕਰ ਸਕਦੇ ਹੋ।



## ਵਿਕਲਪ 4

### ਮਾਨਤਾ ਪ੍ਰਾਪਤ ਸਥਾਨ ਵਿਖੇ ਵੋਟ ਪਾਉਣੀ

ਆਮ ਤੌਰ ’ਤੇ ਹਸਪਤਾਲ, ਨਿੱਜੀ ਸਾਂਭ-ਸੰਭਾਲ ਵਾਲੇ ਨਿਵਾਸ, ਜਾਂ ਰਿਮਾਂਡ ਸੁਵਿਧਾ (ਹਵਾਲਾਤ) ਵਿੱਚ ਕੇਵਲ ਉੱਥੇ ਰਹਿਣ ਵਾਲੇ ਵਿਅਕਤੀਆਂ ਲਈ ਹੀ ਵੋਟ ਪਾਉਣ ਦੀ ਸਹੂਲਤ ਹੁੰਦੀ ਹੈ, ਆਮ ਲੋਕ ਉੱਥੇ ਜਾ ਕੇ ਵੋਟ ਨਹੀਂ ਪਾ ਸਕਦੇ।



# ਵੋਟ ਪਾਉਣਾ **ਸੌਖਾ ਹੁੰਦਾ ਹੈ।**

ਜਦੋਂ ਤੁਸੀਂ 2024 ਦੀਆਂ ਪ੍ਰਾਂਤਿਕ ਚੋਣਾਂ ਵਿੱਚ ਵੋਟਿੰਗ ਸਥਾਨ ਅੰਦਰ ਵੋਟ ਪਾਉਣ ਜਾਂਦੇ ਹੋ ਤਾਂ ਇਹ ਹੁੰਦਾ ਹੈ।


**1** ਇੱਕ ਚੋਣ ਕਰਮਚਾਰੀ ਤੁਹਾਡੇ ਨਾਂ ਅਤੇ ਪਤੇ ਦੀ ਪੁਸ਼ਟੀ ਕਰਦਾ ਸ਼ਨਾਖ਼ਤੀ ਪੱਤਰ ਦਿਖਾਉਣ ਲਈ ਕਹੇਗਾ। ਜੇ ਤੁਹਾਡੇ ਕੋਲ ਸ਼ਨਾਖ਼ਤੀ ਪੱਤਰ ਨਹੀ ਹੈ, ਤਾਂ ਕਿਸੇ ਯੋਗ ਵੋਟਰ ਵੱਲੋਂ ਸ਼ਨਾਖ਼ਤ ਦੀ ਪੁਸ਼ਟੀ ਕਰਨ ਦਾ ਵਿਕਲਪ ਉਪਲਬਧ ਹੋ ਸਕਦਾ ਹੈ।




**2** ਤੁਹਾਡੀ ਵੋਟ ਗੁਪਤ ਰੱਖਣ ਲਈ ਜੋ ਤਹਿ ਕੀਤੀ ਹੋਈ ਵੋਟ ਪਰਚੀ ਤੁਹਾਨੂੰ ਦਿੱਤੀ ਜਾਵੇਗੀ ਉਹ ਲੈ ਕੇ ਵੋਟਿੰਗ ਸਕਰੀਨ (ਪਰਦੇ) ਦੇ ਪਿੱਛੇ ਜਾਓ।



**3** ਵੋਟਰ ਪਰਚੀ ਦੀ ਤਹਿ ਖੋਲ੍ਹੋ। ਕਿਸੇ ਇੱਕ ਉਮੀਦਵਾਰ ਦੇ ਨਾਂ ਦੇ ਅੱਗੇ X ਦਾ ਨਿਸ਼ਾਨ ਲਗਾਓ। ਜੇ ਤੁਹਾਡੇ ਕੋਲੋਂ ਕੋਈ ਗਲਤੀ ਹੋ ਜਾਵੇ, ਕਿਸੇ ਚੋਣ ਕਰਮਚਾਰੀ ਨੂੰ ਕਹੋ ਕਿ ਉਹ ਤੁਹਾਨੂੰ ਨਵੀਂ ਵੋਟ ਪਰਚੀ ਦੇਵੇ।



**4** ਵੋਟ ਪਾਉਣ ਤੋਂ ਪਿੱਛੋਂ, ਆਪਣੀ ਵੋਟ ਪਰਚੀ ਦੀ ਦੁਬਾਰਾ ਤਹਿ ਲਾਓ। ਕਿਸੇ ਨੂੰ ਵੀ ਇਹ ਨਾ ਦਿਖਾਓ ਕਿ ਤੁਸੀਂ ਕਿਸ ਨੂੰ ਵੋਟ ਪਾਈ ਹੈ। ਆਪਣੀ ਵੋਟ ਪਰਚੀ ਦੀ ਫ਼ੋਟੋ ਨਾ ਖਿੱਚੋ, ਅਤੇ ਨਾ ਹੀ ਇੰਟਰਨੈੱਟ ਉੱਪਰ ਸਾਂਝੀ ਕਰੋ।



**5** ਚੋਣ ਕਰਮਚਾਰੀ ਤੁਹਾਨੂੰ ਉਹ ਡੱਬਾ ਦਿਖਾਵੇਗਾ ਜਿਸ ਵਿੱਚ ਤੁਸੀਂ ਆਪਣੀ ਵੋਟ ਪਰਚੀ ਪਾਉਣੀ ਹੈ।



**ਜੇਕਰ ਤੁਹਾਨੂੰ ਮੱਦਦ ਦੀ ਲੋੜ ਹੋਵੇ, ਕਿਸੇ ਚੋਣ ਕਰਮਚਾਰੀ ਨੂੰ ਪੁੱਛੋ। ਪੈਨਸਿਲ ਗਰਿੱਪ, ਕਲਿੱਪਬੋਰਡ, ਮੈਗਨੀਫ਼ਾਇਰ ਲੋੜ ਅਨੁਸਾਰ ਉਪਲਬਧ ਹੁੰਦੇ ਹਨ। ਜੇ ਤੁਹਾਨੂੰ ਵੋਟ ਪਰਚੀ ਪੜ੍ਹਨ ਲਈ ਮੱਦਦ ਦੀ ਲੋੜ ਹੋਵੇ, ਤਾਂ ਤੁਸੀਂ ਆਪਣੇ ਖੁਦ ਦੇ ਮੋਬਾਈਲ ਯੰਤਰ ਦੀ ਵਰਤੋਂ ਕਰ ਸਕਦੇ ਹੋ।**

**ਜਾਣਕਾਰੀ, ਚੋਣ ਨਤੀਜੇ, ਅਤੇ  ਹੋਰ ਵੀ ਬਹੁਤ ਕੁਝ ਇਲੈਕਸ਼ਨ ਸਸਕੈੱਚਵਾਨ ਦੀ ਵੈੱਬਸਾਈਟ www.elections.sk.ca ਉੱਪਰ ਉਪਲਬਧ ਹੈ,**

**ਜੋ ਕਿ ਚੋਣ ਜਾਣਕਾਰੀ ਦਾ ਅਧਿਕਾਰਤ ਸਰੋਤ ਹੈ।**

Elections SK

SK 2024 VOTES

ਤੁਹਾਡੀ ਵੋਟ ਮਾਇਨੇ ਰੱਖਦੀ ਹੈ।